ਨਿਊਜ਼ ਰਿਲੀਜ਼

# ਐਲਬਰਟਾ ਦਾ ਵੈਕਸੀਨ ਲਗਾਉਣ ਦਾ ਪ੍ਰੋਗਰਾਮ ਜ਼ੋਰ ਫੜ ਰਿਹਾ ਹੈ

12 ਅਪਰੈਲ 2021

ਕੈਲਗਰੀ ਅਤੇ ਐਡਮਿੰਟਨ 'ਚ ਖੁੱਲ੍ਹ ਰਹੀਆਂ ਰੈਪਿਡ ਫਲੋ ਕਲਿਨਿਕਾਂ ਦੇ ਖੁੱਲ੍ਹਣ ਨਾਲ ਐਲਬਰਟਾ ਇਕ ਰਿਕਾਰਡ ਗਤੀ ਸਹਿਤ ਵੈਕਸੀਨ ਖੁਰਾਕਾਂ ਲਗਾਉਣ ਲਈ ਪ੍ਰੋਗਰਾਮ 'ਚ ਵਿਸਤਾਰ ਲਿਆ ਰਿਹਾ ਹੈ।

1300 ਤੋਂ ਵਧੇਰੇ ਫਾਰਮੇਸੀਆਂ ਅਤੇ 103 ਟੀਕਾਕਰਨ ਸਥਾਨਾਂ ਸਹਿਤ, ਜਿਹੜੇ ਹੁਣ ਵੈਕਸੀਨ ਲਗਾ ਰਹੇ ਹਨ, ਅਤੇ ਆਉਣ ਵਾਲੇ ਹਫਤਿਆਂ 'ਚ ਹੋਰ ਵਧੇਰੇ ਸ਼ਾਮਲ ਹੋ ਜਾਣ ਨਾਲ, ਸੂਬਾ ਹੁਣ ਹਫਤੇ 'ਚ 300,000 ਤੋਂ ਵਧੇਰੇ ਵੈਕਸੀਨ ਖੁਰਾਕਾਂ ਲਗਾਉਣ ਦੀ ਗਤੀ 'ਤੇ ਹੈ।

684,000 ਤੋਂ ਵਧੇਰੇ ਐਲਬਰਟਾ ਨਿਵਾਸੀ ਹੁਣ ਤੱਕ ਵੈਕਸੀਨ ਦੀ ਘੱਟੋ ਘੱਟ ਇਕ ਖੁਰਾਕ ਲਗਵਾ ਚੁੱਕੇ ਹਨ, ਜਿਹੜੀ ਅਤਿ-ਖਰਾਬ ਨਤੀਜਿਆਂ ਤੋਂ ਉਨ੍ਹਾਂ ਦੀ ਰੱਖਿਆ ਕਰਨ ਅਤੇ ਕੋਵਿਡ-19 ਦੇ ਫੈਲਾਅ ਨੂੰ ਘੱਟ ਕਰਨ 'ਚ ਮਦਦ ਕਰੇਗੀ।

ਜੂਨ ਮਹੀਨੇ ਦੇ ਅੰਤ ਤੱਕ ਐਲਬਰਟਾ 'ਚ ਸਾਰੇ ਬਾਲਗਾਂ ਨੂੰ ਵੈਕਸੀਨ ਦੀ ਪਹਿਲੀ ਖੁਰਾਕ ਲੱਗ ਜਾਵੇਗੀ, ਬਸ਼ਰਤੇ ਕਿ ਵੈਕਸੀਨ ਮਿਥੀ ਸਮਾਂ-ਸੂਚੀ ਅਨੁਸਾਰ ਪੁੱਜਦੇ ਰਹਿਣ।

"ਵੈਕਸੀਨ ਅਤੇ ਵਾਇਰਸ ਦੇ ਬਦਲਵੇਂ ਰੂਪਾਂ (ਵੇਰੀਐਂਸ) ਦਰਮਿਆਨ ਲੱਗੀ ਦੌੜ 'ਚ ਅਸੀਂ ਜ਼ੋਰ ਫੜ ਰਹੇ ਹਾਂ। ਅਸੀਂ ਵੈਕਸੀਨ ਲਗਾਉਣ ਦੇ ਆਪਣੇ ਪ੍ਰੋਗਰਾਮ ਅਤੇ ਸਮਾਂ ਸੂਚੀਆਂ ਦੀ ਰਫਤਾਰ 'ਚ ਵਾਧਾ ਕਰਨਾਂ ਜਾਰੀ ਰੱਖਾਂਗੇ। ਅਸੀਂ 30 ਜੂਨ ਤੱਕ ਹਰੇਕ ਬਾਲਗ ਨੂੰ ਪਹਿਲੀ ਖੁਰਾਕ ਲਗਾ ਦੇਣ ਦੀ ਆਪਣੀ ਪ੍ਰਤਿਬਧਤਾ ਨੂੰ ਪੂਰੀ ਕਰਨ ਜਾਂ ਉਸ ਤੋਂ ਅਗਾਂਹ ਲੰਘਣ ਲਈ ਨਿਸਚਾ ਕੀਤਾ ਹੋਇਆ ਹੈ।" *Jason Kenney, ਪ੍ਰੀਮੀਅਰ*

"ਸਾਡੇ ਸਿਹਤ ਅਧਿਕਾਰੀ ਜਦੋਂ ਜਦੋਂ ਵੈਕਸੀਨ ਦੀਆਂ ਨਵੀਆਂ ਸ਼ਿੱਪਮੈਂਟਾਂ ਪਹੁੰਚਦੀਆਂ ਹਨ, ਉਨ੍ਹਾਂ ਨੂੰ ਜਲਦੀ ਤੋਂ ਜਲਦੀ ਐਲਬਰਟਾ ਨਿਵਾਸੀਆਂ ਨੂੰ ਉਪਲਬਧ ਕਰਵਾਉਣ ਲਈ ਸਖਤ ਮਿਹਨਤ ਕਰ ਰਹੇ ਹਨ। ਮੈਂ ਜ਼ੋਰਦਾਰ ਢੰਗ ਨਾਲ ਐਬਰਟਾ ਨਿਵਾਸੀਆਂ ਨੂੰ, ਜਦੋਂ ਵੀ ਉਹ ਯੋਗ ਬਣਦੇ ਹਨ, ਜਲਦੀ ਤੋਂ ਜਲਦੀ ਵੈਕਸੀਨ ਲਗਵਾਉਣ ਆਖਦਾ ਹਾਂ। ਜਦੋਂ ਤੁਹਾਡੀ ਵਾਰੀ ਆਉਂਦੀ ਹੈ, ਕਿਰਪਾ ਕਰਕੇ ਆਪਣੇ ਸ਼ਾਟ ਲਈ ਸਾਈਨ ਅੱਪ ਕਰੋ, ਆਪਣੀ ਐਪੁਆਇੰਟਮੈਂਟ 'ਤੇ ਹਾਜ਼ਰ ਹੋਵੋ ਅਤੇ ਆਪਣੀ ਦੂਸਰੀ ਖੁਰਾਕ ਲਈ ਪਤਾ ਲਗਾਉਂਦੇ ਰਹੋ।" *Tyler Shandro, ਮਿਨਿਸਟਰ ਆਫ ਹੈਲਥ*

ਪਿਛਲੇ ਹਫਤੇ 'ਚ ਐਬਰਟਾ ਨੇ ਵੈਕਸੀਨ ਲਗਾਉਣ 'ਚ ਤੇਜ਼ੀ ਲਿਆਉਣ ਲਈ ਕਈ ਕਦਮ ਉਠਾਏ ਗਏ ਹਨ:

- ਬੁਨਿਆਦੀ ਸਿਹਤ ਸਮੱਸਿਆਵਾਂ ਵਾਲੇ ਯੋਗ ਬਣਦੇ 650,000 ਤੋਂ ਵੱਧ ਐਲਬਰਟਾ ਨਿਵਾਸੀਆਂ ਲਈ ਫੇਜ਼ 2 ਬੀ ਪੂਰੀ ਤਰ੍ਹਾਂ ਖੋਲ੍ਹਿਆ।
- 240,000 ਤੋਂ ਵੱਧ ਹੈਲਥ-ਕੇਅਰ ਵਰਕਰਾਂ ਲਈ ਫੇਜ਼-2 ਸੀ ਪੂਰੀ ਤਰ੍ਹਾਂ ਖੋਲ੍ਹਿਆ।
- 55 ਤੋਂ 64 ਸਾਲ ਦੀ ਉਮਰ ਵਾਲੇ ਐਲਬਰਟਾ ਨਿਵਾਸੀਆਂ ਲਈ ਐਸਟਰਾਜ਼ੈਨੇਕਾ ਵੈਕਸੀਨ ਦੀ ਬੁੱਕਿੰਗ ਖੋਲ੍ਹੀ।
- ਕੈਲਗਰੀ ਅਤੇ ਐਡਮਿੰਟਨ 'ਚ 12 ਅਪਰੈਲ ਨੂੰ ਖੁੱਲ੍ਹ ਰਹੀਆਂ ਕਲਿਨਿਕਾਂ ਤੋਂ ਇਲਾਵਾ ਗਰੈਂਡ ਪਰੇਰੀ, ਫੋਰਟ ਮੈਕਮਰੀ, ਰੈੱਡ ਡੀਅਰ, ਲੈੱਥਬਰਿਜ ਅਤੇ ਮੈਡੀਸਨ ਹੈਟ 'ਚ ਰੈਪਿਡ ਫਲੋ ਕਲਿਨਿਕਾਂ ਖੋਲ੍ਹੀਆਂ।

13 ਅਪਰੈਲ ਨੂੰ, ਕੁਝ ਚੋਣਵੀਆਂ ਫਾਰਮੇਸੀਆਂ, ਸ਼ੁਰੂ 'ਚ ਐਡਮਿੰਟਨ ਅਤੇ ਕੈਲਗਰੀ 'ਚ ਯੋਗ ਬਣਦੇ ਐਲਬਰਟਾ ਨਿਵਾਸੀਆਂ ਲਈ ਐਸਟਰਾਜ਼ੈਨੇਕਾ ਵੈਕਸੀਨ ਲਗਵਾਉਣ ਦੀਆਂ ਕੇਵਲ ਐਪੁਆਇੰਟਮੈਂਟਾਂ ਦੁਆਰਾ ਬੁੱਕਿੰਗ ਕਰਨ ਦੀ ਬਜਾਏ ਵਾਕ-ਇੰਨ ਬੁਕਿੰਗ ਕਰਨੀਆਂ ਸ਼ੁਰੂ ਕਰ ਦੇਣਗੀਆਂ। ਕਈ ਫਾਰਮੇਸੀਆਂ ਕੇਵਲ ਐਪੁਆਇੰਟਮੈਂਟਆਂ ਵਾਲੀ ਹੀ ਰਹਿਣਗੀਆਂ, ਇਸ ਲਈ ਕਿਰਪਾ ਕਰਕੇ ਵਾਕ-ਇੰਨ ਸਾਈਟਾਂ ਪਤਾ ਕਰਨ ਲਈ ਐਲਬਰਟਾ ਬਲੂ ਕਰਾਸ ਦਾ ਵੈੱਬਸਾਈਟ ਵੇਖੋ ਜਾਂ ਆਪਣੀ ਵਿਸ਼ੇਸ਼ ਲੁਕੇਸ਼ਨ ਨਾਲ ਉਨ੍ਹਾਂ ਦੇ ਬੁੱਕਿੰਗ ਦੇ ਢੰਗ ਤਰੀਕੇ ਜਾਣਨ ਲਈ ਸੰਪਰਕ ਕਰੋ।

ਐਲਬਰਟਾ ਹੈਲਥ ਅਤੇ ਐਲਬਰਟਾ ਮੈਡੀਕਲ ਐਸੋਸੀਏਸ਼ਨ ਫਿਜ਼ੀਸ਼ੀਅਨ ਕਲਿਨਿਕਾਂ ਨੂੰ ਕੋਵਿਡ-19 ਟੀਕਾਕਰਨ ਪ੍ਰੋਗਰਾਮ 'ਚ ਸ਼ਾਮਲ ਕਰਨ ਲਈ ਮਿਲਕੇ ਕੰਮ ਕਰ ਰਹੀਆਂ ਹਨ। ਪਹਿਲੀਆਂ ਪਾਇਲਟ ਕਲਿਨਿਕਾਂ ਅਤੇ ਉਨ੍ਹਾਂ ’ਚ ਵਿਸਤਾਰ ਬਾਰੇ ਜਾਣਕਾਰੀ ਜਲਦੀ ਹੀ ਐਲਾਨੀ ਜਾਵੇਗੀ।

ਫੇਜ਼ 2 ਸੀ ਵਿਚ ਦਿੱਤੇ ਗਏ ਵਧੀਕ ਗਰੁੱਪ ਆਉਣ ਵਾਲੇ ਹਫਤਿਆਂ 'ਚ ਯੋਗ ਹੋ ਜਾਣਗੇ। ਜਦੋਂ ਵੀ ਹਰੇਕ ਗਰੁੱਪ ਐਪੁਆਇੰਟਮੈਂਟਾਂ ਬੁੱਕ ਕਰਨ ਲਈ ਯੋਗ ਬਣਦਾ ਹੈ, ਉਸ ਬਾਰੇ ਵਧੇਰੇ ਜਾਣਕਾਰੀ ਸਾਂਝੀ ਕੀਤੀ ਜਾਵੇਗੀ।

1.7 ਮਿਲੀਅਨ ਤੋਂ ਵਧੇਰੇ ਐਲਬਰਟਾ ਨਿਵਾਸੀ ਹੁਣ ਕੋਵਿਡ-19 ਵੈਕਸੀਨ ਲਈ ਯੋਗ ਹਨ। ਬੁੱਕਿੰਗ ਪ੍ਰੋਗਰਾਮ 'ਚ ਭਾਗ ਲੈ ਰਹੀਆਂ ਫਾਰਮੇਸੀਆਂ ਜਾਂ ਐਲਬਰਟਾ ਹੈਲਥ ਸਰਵਿਸਿਜ਼ (AHS) ਰਾਹੀਂ ਆਨਲਾਈਨ ਜਾਂ 811 'ਤੇ ਫੋਨ ਕਰਨ ਦੁਆਰਾ ਬੁੱਕ ਕੀਤੀਆਂ ਜਾ ਸਕਦੀਆਂ ਹਨ।

**ਐਲਬਰਟਾ ਸਰਕਾਰ ਸਹੀ ਪ੍ਰਕਾਰ ਦੇ ਉਪਾਵਾਂ ਸਹਿਤ ਬੀਮਾਰੀ ਦੇ ਕਰਵ ਨੂੰ ਘੱਟ ਕਰਨ, ਛੋਟੇ ਕਾਰੋਬਾਰਾਂ ਨੂੰ ਬਣੇ ਰੱਖਣ ਅਤੇ ਐਲਬਰਟਾ ਦੇ ਸਿਹਤ-ਸੰਭਾਲ ਪ੍ਰਬੰਧ ਨੂੰ ਬਚਾਈ ਰੱਖਣ ਨਾਲ ਲੋਕਾਂ ਦੀਆਂ ਜ਼ਿੰਦਗੀਆਂ ਅਤੇ ਰੋਜ਼ੀ-ਰੋਟੀ ਦੀ ਸੁਰੱਖਿਆ ਕਰਦਿਆਂ ਕੋਵਿਡ-19 ਮਹਾਂਮਾਰੀ ਦਾ ਮੁਕਾਬਲਾ ਕਰ ਰਹੀ ਹੈ।**

## ਸਬੰਧਤ ਜਾਣਕਾਰੀ

- COVID-19 vaccine in Alberta
- Book an appointment at a pharmacy

## ਮਲਟੀਮੀਡੀਆ

- Watch the news conference
- Listen to the news conference
- View the event photos

## ਮੀਡੀਆ ਇੰਨਕੁਆਰੀਆਂ

Jerrica Goodwin
587-988-3278
ਪ੍ਰੈੱਸ ਸੈਕਰੇਟਰੀ, ਆਫਿਸ ਆਫ ਦਿ ਪ੍ਰੀਮੀਅਰ

Tom McMillan

780-422-4905
ਅਸਿਸਟੈਂਟ ਡਾਇਰੈਕਟਰ ਆਫ ਕਮਿਊਨੀਕੇਸ਼ਨਜ਼, ਹੈਲਥ

*ਸਰਕਾਰ ਦੇ ਹੋਰ ਅੁਨਵਾਦਤ ਸਰੋਤਾਂ ਲਈ ਕਿਰਪਾ ਕਰਕੇ ਵੇਖੋ:: https://www.alberta.ca/covid-19-translated-resources.aspx.*